# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 01-01-2025**

- ਕੇਂਦਰੀ ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ 2025-26 ਤੱਕ ਜਾਰੀ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਏ। ਮੰਡਲ ਨੇ (DAP) ਖਾਦਾਂ 'ਤੇ ਇਕ ਵਾਰ ਦੇ ਵਿਸ਼ੇਸ਼ ਪੈਕੇਜ ਨੂੰ ਵਧਾਉਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਦੇ ਫੈਸਲਿਆਂ ਦਾ ਜ਼ਿਕਰ ਕਰਦੇ ਹੋਏ,ਜ਼ੋਰ ਦੇ ਕੇ ਕਿਹਾ ਏ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਨੂੰ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਏ।
- ਭਾਰਤ ਅਤੇ ਪਾਕਿਸਤਾਨ ਨੇ ਅੱਜ ਸਫਾਰਤੀ ਮਾਧਿਅਮਾਂ ਰਾਹੀਂ ਇੱਕ ਦੂਜੇ ਦੀ ਹਿਰਾਸਤ ਵਿਚਲੇ ਸਿਵਿਲ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਵਟਾਂਦਰਾ ਕੀਤਾ ਏ।

- ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ‘ਚ ਆਉਂਦੇ ਕੁਝ ਦਿਨਾਂ ‘ਚ ਠੰਡ ਦੇ ਹਾਲਾਤ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਏ।
- ਹਾਕੀ ਇੰਡੀਆ ਲੀਗ ਵਿੱਚ ਅੱਜ Shrachi Rarh Bengal Tigers ਦੀ ਟੀਮ ਗੋਨਾਸਿਕਾ ਖਿਲਾਫ਼ ਖੇਡੇਗੀ।

---------------------------------------------------

ਕੇਂਦਰੀ ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਅਤੇ ਮੁੜ ਬਣਾਈ ਗਈ ਮੌਸਮ ਆਧਾਰਿਤ ਫਸਲ ਬੀਮਾ ਯੋਜਨਾ ਨੂੰ 2025-26 ਤੱਕ ਜਾਰੀ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਏ। ਅੱਜ ਨਵੀਂ ਦਿੱਲੀ ਵਿੱਚ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਇਸ ਯੋਜਨਾ ਦਾ ਕੁੱਲ ਖਰਚਾ ਵਧਾ ਕੇ 69 ਹਜ਼ਾਰ 515 ਕਰੋੜ ਰੁਪਏ ਕਰ ਦਿੱਤਾ ਗਿਆ ਏ। ਉਨ੍ਹਾਂ ਕਿਹਾ ਕਿ, ਇਸ ਯੋਜਨਾ ਤਹਿਤ 88 ਫੀਸਦੀ ਬੀਮਿਤ ਕਿਸਾਨ ਛੋਟੇ ਅਤੇ ਹਾਸ਼ੀਆ ਗਤ ਕਿਸਾਨ ਨੇ. ਸ੍ਰੀ ਵੈਸ਼ਨਵ ਨੇ

ਅੱਗੇ ਕਿਹਾ ਕਿ ਬੀਮੇ ਵਾਲੇ 57 ਫੀਸਦੀ ਪੱਟੀ ਦਰਜ ਜਾਤਾਂ, ਪੱਟੀ ਦਰਜ ਕਬੀਲਿਆਂ ਅਤੇ ਹੋਰ ਪਛਡੀਆਂ ਸ਼੍ਰੇਣੀਆਂ ਦੇ ਕਿਸਾਨ ਨੇ। ਮੰਤਰੀ ਨੇ ਕਿਹਾ ਕਿ ਪਿਛਲੇ ਅੱਠ ਸਾਲਾਂ ਵਿੱਚ ਕਿਸਾਨਾਂ ਨੂੰ ਇੱਕ ਲੱਖ 70 ਹਜ਼ਾਰ ਕਰੋੜ ਰੁਪਏ ਦੇ ਦਾਵਿਆਂ ਦੀ ਅਦਾਇਗੀ ਕੀਤੀ ਗਈ ਏ. ਸ੍ਰੀ ਵੈਸ਼ਨਵ ਨੇ ਕਿਹਾ ਕਿ, 2025 ਦੀ ਪਹਿਲੀ ਕੈਬਨਿਟ ਮੀਟਿੰਗ ਕਿਸਾਨਾਂ ਨੂੰ ਸਮਰਪਿਤ ਸੀ।

**BYTE - ASHWINI VAISHNAV**

---------------------------------------------------------------

ਕੇਂਦਰੀ ਮੰਤਰੀ ਮੰਡਲ ਨੇ ਡੀ-ਅਮੋਨੀਅਮ ਫਾਸਫੇਟ (DAP) ਖਾਦਾਂ 'ਤੇ ਤਿੰਨ ਹਜ਼ਾਰ 500 ਰੁਪਏ ਪ੍ਰਤੀ ਮੀਟ੍ਰਿਕ ਟਨ ਦੇ ਹਿਸਾਬ ਨਾਲ ਪੌਸ਼ਟਿਕਤਾ ਆਧਾਰਿਤ ਸਬਸਿਡੀ ਤੋਂ ਇਲਾਵਾ ਇਕ ਵਾਰ ਦੇ ਵਿਸ਼ੇਸ਼ ਪੈਕੇਜ ਨੂੰ ਵਧਾਉਣ ਨੂੰ ਮਨਜ਼ੂਰੀ ਦੇ ਦਿੱਤੀ ਏ। ਇਸ ਨੇ ਕਿਸਾਨਾਂ ਨੂੰ ਕਿਫਾਇਤੀ ਕੀਮਤ'ਤੇ ਡੀ.ਏ.ਪੀ ਦੀ ਨਿਰੰਤਰ ਰਹਿਣ ਯੋਗ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ

ਵਿਸ਼ੇਸ਼ ਪੈਕੇਜ ਨੂੰ ਅੱਜ ਤੋਂ ਅਗਲੇ ਹੁਕਮਾਂ ਤੱਕ ਵਧਾਉਣ ਲਈ ਖਾਦ ਵਿਭਾਗ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਏ। ਅੱਜ ਨਵੀਂ ਦਿੱਲੀ ਵਿੱਚ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ DAP, ਕਿਸਾਨਾਂ ਨੂੰ 50 ਕਿਲੋਗ੍ਰਾਮ ਦਾ ਇੱਕ ਬੋਰਾ, ਇੱਕ ਹਜ਼ਾਰ 350 ਰੁਪਏ ਦੇ ਹਿਸਾਬ ਨਾਲ ਮਿਲਦੀ ਰਹੇਗੀ। ਉਨ੍ਹਾਂ ਕਿਹਾ ਕਿ ਇਸ ਦਾ ਵਾਧੂ ਬੋਝ ਕੇਂਦਰ ਸਰਕਾਰ ਚੁੱਕੇਗੀ

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜ਼ੋਰ ਦੇ ਕੇ ਕਿਹਾ ਏ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਨੂੰ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਏ। ਕੇਂਦਰੀ ਮੰਤਰੀ ਮੰਡਲ ਦੇ ਫੈਸਲਿਆਂ ਦਾ ਜ਼ਿਕਰ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ 2025 ਦੀ ਪਹਿਲੀ ਕੈਬਨਿਟ ਮੀਟਿੰਗ ਕਿਸਾਨਾਂ ਦੀ ਖੁਸ਼ਹਾਲੀ ਨੂੰ ਵਧਾਉਣ ਲਈ

ਸਮਰਪਿਤ ਏ । ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਪਣੇ ਸਾਰੇ ਕਿਸਾਨਾਂ 'ਤੇ ਮਾਣ ਏ ਜੋ ਦੇਸ਼ ਦਾ ਢਿੱਡ ਭਰਨ ਲਈ ਸਖ਼ਤ ਮਿਹਨਤ ਕਰਦੇ ਨੇ।

---------------------------------------------------------------

ਭਾਰਤ ਅਤੇ ਪਾਕਿਸਤਾਨ ਨੇ ਅੱਜ ਸਫਾਰਤੀ ਮਾਧਿਅਮਾਂ ਰਾਹੀਂ ਇੱਕ ਦੂਜੇ ਦੀ ਹਿਰਾਸਤ ਵਿਚਲੇ ਸਿਵਿਲ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਵਟਾਂਦਰਾ ਕੀਤਾ ਏ. ਕੌਂਸਲਰ ਪਹੁੰਚ 2008 'ਤੇ ਦੁਵੱਲੇ ਸਮਝੌਤੇ ਤਹਿਤ, ਅਜਿਹੀਆਂ ਸੂਚੀਆਂ ਦਾ ਹਰ ਸਾਲ ਪਹਿਲੀ ਜਨਵਰੀ ਅਤੇ ਪਹਿਲੀ ਜੁਲਾਈ ਨੂੰ ਵਟਾਂਦਰਾ ਕੀਤਾ ਜਾਂਦਾ ਏ. ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਏ ਕਿ ਭਾਰਤ ਨੇ ਆਪਣੀ ਹਿਰਾਸਤ ਵਿੱਚਲੇ ਅਜਿਹੇ 381 ਸਿਵਿਲ ਕੈਦੀਆਂ ਅਤੇ 81 ਮਛੇਰਿਆਂ ਦੇ ਨਾਂ ਸਾਂਝੇ ਕੀਤੇ ਨੇ, ਜੋ ਪਾਕਿਸਤਾਨੀ ਨੇ ਜਾਂ ਮੰਨਿਆ ਜਾਂਦਾ ਏ ਕਿ ਉਹ ਪਾਕਿਸਤਾਨੀ ਨੇ ।ਪਾਕਿਸਤਾਨ ਨੇ ਆਪਣੀ ਹਿਰਾਸਤ ਵਿਚਲੇ 49 ਸਿਵਿਲ

ਕੈਦੀਆਂ ਅਤੇ 217 ਮਛੇਰਿਆਂ ਦੇ ਨਾਂ ਸਾਂਝੇ ਕੀਤੇ ਨੇ, ਜੋ ਭਾਰਤੀ ਨੇ ਜਾਂ ਮੰਨਿਆ ਜਾਂਦਾ ਏ ਕਿ ਉਹ ਭਾਰਤੀ ਨੇ. ਭਾਰਤ ਨੇ ਪਾਕਿਸਤਾਨ ਦੀ ਹਿਰਾਸਤ ਤੋਂ ਨਾਗਰਿਕ ਕੈਦੀਆਂ, ਮਛੇਰਿਆਂ ਅਤੇ ਉਨ੍ਹਾਂ ਦੀਆਂ ਕਿਸ਼ਤੀਆਂ ਅਤੇ ਲਾਪਤਾ ਭਾਰਤੀ ਰੱਖਿਆ ਮੁਲਾਜ਼ਮਾਂ ਦੀ ਛੇਤੀ ਰਿਹਾਈ ਅਤੇ ਵਾਪਸੀ ਦੀ ਮੰਗ ਕੀਤੀ ਏ। ਪਾਕਿਸਤਾਨ ਨੂੰ, ਸਜ਼ਾ ਪੂਰੀ ਕਰ ਚੁੱਕੇ 183 ਭਾਰਤੀ ਮਛੇਰਿਆਂ ਅਤੇ ਸਿਵਿਲ ਕੈਦੀਆਂ ਦੀ ਰਿਹਾਈ ਅਤੇ ਵਾਪਸੀ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਏ। ਪਾਕਿਸਤਾਨ ਨੂੰ ਕਿਹਾ ਗਿਆ ਏ ਕਿ ਉਹ ਆਪਣੀ ਹਿਰਾਸਤ ਵਿਚਲੇ 18 ਨਾਗਰਿਕ ਕੈਦੀਆਂ ਅਤੇ ਮਛੇਰਿਆਂ, ਜਿਹਨਾਂ ਬਾਰੇ ਮੰਨਿਆ ਜਾਂਦਾ ਏ ਕਿ ਉਹ ਭਾਰਤੀ ਨੇ ਅਤੇ ਉਨ੍ਹਾਂ ਨੂੰ ਅਜੇ ਤੱਕ ਕੌਂਸਲਰ ਪਹੁੰਚ ਪ੍ਰਦਾਨ ਨਹੀਂ ਕੀਤੀ ਗਈ ਏ, ਨੂੰ ਤੁਰੰਤ ਕੌਂਸਲਰ ਪਹੁੰਚ ਪ੍ਰਦਾਨ ਕਰੇ. ਪਾਕਿਸਤਾਨ ਨੂੰ ਇਹ ਵੀ ਕਿਹਾ ਗਿਆ ਏ ਕਿ ਉਹ ਸਾਰੇ ਭਾਰਤੀ ਅਤੇ ਭਾਰਤੀ ਮੰਨੇ ਜਾਂਦੇ ਸਿਵਿਲ ਕੈਦੀਆਂ ਅਤੇ ਮਛੇਰਿਆਂ ਦੀ ਰਿਹਾਈ

ਅਤੇ ਭਾਰਤ ਵਾਪਸੀ ਤੱਕ ਉਨ੍ਹਾਂ ਦੀ ਸੁਰੱਖਿਆ, ਸਲਾਮਤੀ ਅਤੇ ਭਲਾਈ ਯਕੀਨੀ ਬਣਾਏ  ਬਿਆਨ ਵਿੱਚ ਕਿਹਾ ਗਿਆ ਏ ਕਿ ਭਾਰਤ ਇੱਕ ਦੂਜੇ ਦੇ ਦੇਸ਼ ਵਿੱਚ ਕੈਦੀਆਂ ਅਤੇ ਮਛੇਰਿਆਂ ਨਾਲ ਸਬੰਧਤ ਸਾਰੇ ਮਾਨਵਤਾਵਾਦੀ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਏ। ਭਾਰਤ ਨੇ ਪਾਕਿਸਤਾਨ ਨੂੰ ਭਾਰਤ ਦੀ ਹਿਰਾਸਤ ਵਿੱਚਲੇ ਪਾਕਿਸਤਾਨੀ ਮੰਨੇ ਜਾਂਦੇ 76 ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀ ਰਾਸ਼ਟਰੀਅਤਾ ਦੀ ਤਸਦੀਕ ਦੇ ਅਮਲ ਨੂੰ ਤੇਜ਼ ਕਰਨ ਦੀ ਅਪੀਲ ਕੀਤੀ ਏ, ਜਿਨ੍ਹਾਂ ਦੀ ਪਾਕਿਸਤਾਨ ਤੋਂ ਨਾਗਰਿਕਤਾ ਦੀ ਪੁਸ਼ਟੀ ਨਾ ਹੋਣ ਕਾਰਨ ਦੇਸ਼ ਵਾਪਸੀ ਬਕਾਇਆ ਏ।

--------------------------------------------------------

ਭਾਰਤ ਅਤੇ ਪਾਕਿਸਤਾਨ ਨੇ ਅੱਜ ਦੋਹਾਂ ਦੇਸ਼ਾਂ ਦਰਮਿਆਨ ਪ੍ਰਮਾਣੂ ਸਥਾਪਨਾਵਾਂ ਅਤੇ ਕੇਂਦਰਾਂ ਵਿਰੁੱਧ ਹਮਲੇ ਦੀ ਮਨਾਹੀ ਬਾਰੇ ਸਮਝੌਤੇ ਤਹਿਤ, ਪਰਮਾਣੂ ਸਥਾਪਨਾਵਾਂ ਅਤੇ ਕੇਂਦਰਾਂ ਦੀ ਸੂਚੀ ਦਾ ਵਟਾਂਦਰਾ ਕੀਤਾ . ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿੱਚ ਇੱਕੋ ਸਮੇਂ ਕੂਟਨੀਤਕ ਮਾਧਿਅਮਾਂ ਰਾਹੀਂ ਸੂਚੀ ਦਾ

ਵਟਾਂਦਰਾ ਕੀਤਾ ਗਿਆ । ਸਮਝੌਤੇ'ਤੇ 31 ਦਸੰਬਰ 1988 ਨੂੰ ਦਸਤਖਤ ਕੀਤੇ ਗਏ ਸਨ ਅਤੇ ਇਹ 27 ਜਨਵਰੀ 1991 ਨੂੰ ਲਾਗੂ ਹੋਇਆ ਸੀ। ਇਸ ਸਮਝੌਤੇ ਤਹਿਤ, ਭਾਰਤ ਅਤੇ ਪਾਕਿਸਤਾਨ ਹਰ ਸਾਲ ਪਹਿਲੀ ਜਨਵਰੀ ਨੂੰ ਸਮਝੌਤੇ ਤਹਿਤ ਆਉਣ ਵਾਲੀਆਂ ਪ੍ਰਮਾਣੂ ਸਥਾਪਨਾਵਾਂ ਅਤੇ ਕੇਂਦਰਾਂ ਬਾਰੇ ਇੱਕ ਦੂਜੇ ਨੂੰ ਸੂਚਿਤ ਕਰਦੇ ਨੇ । ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਦੀ ਮਾਲੀ ਧੋਖਾਧੜੀ ਦੀ ਸ਼ਿਕਾਇਤ ਦਰਜ ਕਰਾਉਣ ਬਾਰੇ ਹੈਲਪਲਾਈਨ ਨੂੰ ਬੀਤੇ ਸਾਲ ਦੌਰਾਨ 35 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਮਿਲੀਆਂ ਨੇ, ਜਿਹਨਾਂ ਵਿੱਚ ਲੋਕਾਂ ਨੇ ਕਥਿਤ ਤੌਰ 'ਤੇ 476 ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਬਾਰੇ ਸ਼ਿਕਾਇਤਾਂ ਦਰਜ ਕਰਾਈਆਂ ਨੇ । ਇੰਸਪੈਕਟਰ ਜਨਰਲ ਸੁਖਚੈਨ ਸਿੰਘ ਨੇ ਦੱਸਿਆ ਏ ਕਿ ਸਾਲ 2024 ‘ ਚ ਓਨ੍ਲਿਨੇ ਧੋਖਾਧੜੀ ਦੀਆਂ ਲੋਕਾਂ ਵੱਲੋਂ ਦਰਜ ਕੀਤੀਆਂ ਗਈਆਂ ਸ਼ਿਕਾਇਤਾਂ ਵਧ ਕੇ 82 ਫੀਸਦੀ ਹੋ ਗਈਆਂ ਨੇ । ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸਾਈਬਰ ਧੋਖਾਧੜੀ ਕਰਨ ਵਾਲੇ 64 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ । ਡਿਵੀਜ਼ਨ ਨੇ ਨੁਕਸਾਨਦੇਹ content ਵਾਲੇ 7 ਹਜ਼ਾਰ 500 ਤੋਂ

ਵੱਧ URLs ਨੂੰ ਵੀ ਬਲੌਕ ਕੀਤਾ ਏ। ਲੋਕ ਆਨਲਾਈਨ ਮਾਲੀ ਧੋਖਾਧੜੀ ਦੀ ਸ਼ਿਕਾਇਤ ਦਰਜ ਕਰਨ ਲਈ ਮਾਲੀ ਸਾਈਬਰ ਧੋਖਾਧੜੀ ਸ਼ਿਕਾਇਤ ਹੈਲਪਲਾਈਨ-1930 ਡਾਇਲ ਕਰ ਸਕਦੇ ਨੇ।.

----------------------------------------

PUNJAB POLICE ਨੇ ਸਾਲ 2024 ਵਿਚ ਨਸ਼ੀਲੇ ਪਦਾਰਥਾਂ ਦੇ 8 ਹਜ਼ਾਰ 935 ਤਸਕਰਾਂ ਤੇ ਸਪਲਾਈਰਾਂ ਨੂੰ ਗ੍ਰਿਫ਼ਤਾਰ ਕੀਤਾ ਏ ਅਤੇ ਉਹਨਾਂ ਦੇ ਕਬਜ਼ੇ ਵਿੱਚੋਂ 1 ਹਜ਼ਾਰ 99 ਕਿਲੋਗ੍ਰਾਮ ਹੈਰੋਇਨ ਅਤੇ 14.73 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਏ। ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ਵਿੱਚ 210 ਕਥਿਤ ਰਸੂਖਦਾਰ ਵਿਅਕਤੀ ਵੀ ਸ਼ਾਮਲ ਨੇ. ਪੁਲਿਸ ਨੇ ਉਨ੍ਹਾਂ ਦੀਆਂ 335 ਕਰੋੜ ਰੁਪਏ ਦੀਆਂ 531 ਜਾਇਦਾਦਾਂ ਵੀ ਜ਼ਬਤ ਕਰ ਲਈਆਂ ਨੇ. 'ਯੀਅਰ ਐਂਡਰ' ਭਾਵ ਸਾਲ ਦੇ ਅਖੀਰ ਦੀ ਪ੍ਰੈਸ ਕਾਨਫਰੰਸ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਸਾਂਝੀਆਂ ਕਰਦਿਆਂ, ਇੰਸਪੈਕਟਰ ਜਨਰਲ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਪਿਛਲੇ ਸਾਲ ਛੇੜੀ ਗਈ

ਫੈਸਲਾਕੁੰਨ ਜੰਗ ਜਾਰੀ ਰਹੇਗੀ। ਪੁਲਿਸ ਨੇ ਅਪਰਾਧਕ ਅਨਸਰਾਂ ਵਿਰੁੱਧ 12 ਹਜ਼ਾਰ 255 FIR ਦਰਜ ਕੀਤੀਆਂ ਨੇ । ਇਸੇ ਸਮੇਂ ਦੌਰਾਨ, ਪੰਜਾਬ ਪੁਲਿਸ ਦੇ ਅੰਦਰੂਨੀ ਸੁਰੱਖਿਆ ਵਿੰਗ ਨੇ ਇਸ ਸਾਲ 66 ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕਰਕੇ 12 ਦਹਿਸ਼ਤਗਰਦ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਏ ਅਤੇ ਇਸ ਸਾਲ 513 ਡਰੋਨ ਡੇਗੇ ਜਾਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਥਿਆਰ ਅਤੇ ਗੋਲੀ ਸਿੱਕਾ ਬਰਾਮਦ ਕੀਤਾ ਗਿਆ ਏ ।

---

ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ‘ਚ ਆਉਂਦੇ ਕੁਝ ਦਿਨਾਂ ‘ਚ ਠੰਡ ਦੇ ਹਾਲਾਤ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਏ । ਇਸ ਬਾਰੇ ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਡਾਇਰੈਕਟਰ ਸ਼੍ਰੀ ਸੁਰਿੰਦਰ ਪਾਲ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ –

---

ਹਾਕੀ ਇੰਡੀਆ ਲੀਗ ਵਿੱਚ, ਹੈਦਰਾਬਾਦ TOOFANS ਨੇ ਕੱਲ੍ਹ ਰਾਊਰਕੇਲਾ, ਵਿੱਚ ਨਿਰਧਾਰਿਤ ਸਮੇਂ ਵਿੱਚ 2-2 ਨਾਲ ਡਰਾਅ ਦੇ ਬਾਅਦ ਦਿੱਲੀ ਐਸਜੀ ਪਾਈਪਰਸ ਨੂੰ 5-4 ਸ਼ੂਟਆਊਟ ਨਾਲ ਹਰਾ

ਕੇ ਇੱਕ ਬੋਨਸ ਅੰਕ ਹਾਸਲ ਕੀਤਾ। ਅੱਜ Shrachi Rarh Bengal Tigers ਦੀ ਟੀਮ ਗੋਨਾਸਿਕਾ ਖਿਲਾਫ਼ ਖੇਡੇਗੀ ।

---------------------------------------------------------------

- ਕੇਂਦਰੀ ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ 2025-26 ਤੱਕ ਜਾਰੀ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਏ । ਮੰਡਲ ਨੇ (DAP) ਖਾਦਾਂ 'ਤੇ ਇਕ ਵਾਰ ਦੇ ਵਿਸ਼ੇਸ਼ ਪੈਕੇਜ ਨੂੰ ਵਧਾਉਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਏ ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਦੇ ਫੈਸਲਿਆਂ ਦਾ ਜ਼ਿਕਰ ਕਰਦੇ ਹੋਏ,ਜ਼ੋਰ ਦੇ ਕੇ ਕਿਹਾ ਏ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਨੂੰ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਏ ।
- ਭਾਰਤ ਅਤੇ ਪਾਕਿਸਤਾਨ ਨੇ ਅੱਜ ਸਫਾਰਤੀ ਮਾਧਿਅਮਾਂ ਰਾਹੀਂ ਇੱਕ ਦੂਜੇ ਦੀ ਹਿਰਾਸਤ ਵਿਚਲੇ ਸਿਵਿਲ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਵਟਾਂਦਰਾ ਕੀਤਾ ਏ ।
- ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ‘ਚ ਆਉਂਦੇ ਕੁਝ ਦਿਨਾਂ ‘ਚ ਠੰਡ ਦੇ ਹਾਲਾਤ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਏ ।

- ਹਾਕੀ ਇੰਡੀਆ ਲੀਗ ਵਿੱਚ ਅੱਜ Shrachi Rarh Bengal Tigers ਦੀ ਟੀਮ ਗੋਨਾਸਿਕਾ ਖਿਲਾਫ਼ ਖੇਡੇਗੀ।